# 11 ਫਰਵਰੀ 2006 ਨੂੰ ਜਾਂ ਉਸ ਤੋਂ ਬਾਅਦ ਮਰਨ ਵਾਲੇ ਵਿਅਕਤੀ ਦੀ ਛੋਟੀ ਸੰਪਤੀ ਦੇ ਸੰਬੰਧ ਵਿੱਚ ਪੁਸ਼ਟੀਕਰਣ ਨੋਟਿਸ ਲਈ ਅਰਜ਼ੀ ਕਿਵੇਂ ਦਿੱਤੀ ਜਾਵੇ




ਗ੍ਰਹਿ ਵਿਭਾਗ

1 ਅਪ੍ਰੈਲ 2007 ਤੋਂ ਲਾਗੂ ਜਾਣਕਾਰੀ

# 11 ਫਰਵਰੀ 2006 ਨੂੰ ਜਾਂ ਉਸ ਤੋਂ ਬਾਅਦ ਮਰਨ ਵਾਲੇ ਵਿਅਕਤੀ ਦੀ ਛੋਟੀ ਸੰਪਤੀ ਦੇ ਸੰਬੰਧ ਵਿੱਚ ਪੁਸ਼ਟੀਕਰਣ ਨੋਟਿਸ ਲਈ ਅਰਜ਼ੀ ਕਿਵੇਂ ਦਿੱਤੀ ਜਾਵੇ

## ਜਾਣ-ਪਛਾਣ

ਗ੍ਰਹਿ ਮਾਮਲਿਆਂ ਦੇ ਸਕੱਤਰ ਦੁਆਰਾ ਸੌਂਪੇ ਗਏ ਅਧਿਕਾਰ ਅਧੀਨ, ਗ੍ਰਹਿ ਮਾਮਲਿਆਂ ਦਾ ਡਾਇਰੈਕਟਰ, ਛੋਟੀ ਸੰਪਤੀ ਬਾਰੇ ਦਿੱਤੀ ਅਰਜ਼ੀ ਦੇ ਸੰਬੰਧ ਵਿੱਚ ਪੁਸ਼ਟੀਕਰਣ ਨੋਟਿਸ ਜਾਰੀ ਕਰ ਸਕਦਾ ਹੈ। ਪੁਸ਼ਟੀਕਰਣ ਨੋਟਿਸ ਇਹ ਤਸਦੀਕ ਕਰਦਾ ਹੈ ਕਿ ਨੋਟਿਸ ਨਾਲ ਜੁੜੀ ਅਨੁਸੂਚੀ ਵਿੱਚ ਦਰਸਾਏ ਗਏ ਕਿਸੇ ਮ੍ਰਿਤਕ ਵਿਅਕਤੀ ਦੀ ਸੰਪਤੀ ਨੂੰ ਸੰਭਾਲਣ ਲਈ ਢੁਕਵੇਂ ਦਖ਼ਲਅੰਦਾਜ਼ੀ ਨੇਮਾਂ ਤੋਂ ਛੋਟ ਦਿੱਤੀ ਜਾਵੇਗੀ। ਹਾਂਗ ਕਾਂਗ ਦੇ ਕਾਨੂੰਨ, ਪ੍ਰੋਬੇਟ ਐਂਡ ਐਡਮਿਨਿਸਟ੍ਰੇਸ਼ਨ ਆਰਡੀਨੈਂਸ, ਚੈਪਟਰ 10, ਦੀ ਧਾਰਾ 60K ਇੱਥੇ ਲਾਗੂ ਹੁੰਦੀ ਹੈ।

## ਪੁਸ਼ਟੀਕਰਣ ਨੋਟਿਸ ਲਈ ਅਰਜ਼ੀ

ਪੁਸ਼ਟੀਕਰਣ ਨੋਟਿਸ, 11 ਫਰਵਰੀ 2006 ਨੂੰ ਜਾਂ ਉਸ ਤੋਂ ਬਾਅਦ ਮਰਨ ਵਾਲੇ ਵਿਅਕਤੀ ਦੀ ਛੋਟੀ ਸੰਪਤੀ ਦਾ ਪ੍ਰਬੰਧ ਕਰਨ ਲਈ ਵਾਰਿਸ ਜਾਂ ਪਹਿਲ ਦੇ ਅਧਾਰ 'ਤੇ ਹੱਕਦਾਰ ਵਿਅਕਤੀ ਨੂੰ ਅਧਿਕਾਰ ਦੇਵੇਗਾ।

- ਪੁਸ਼ਟੀਕਰਣ ਨੋਟਿਸ[1] ਦੇ ਜਾਰੀ ਕਰਨ ਦੇ ਯੋਗ ਬਣਨ ਲਈ, ਹਾਂਗ ਕਾਂਗ ਵਿੱਚ ਮ੍ਰਿਤਕ ਵਿਅਕਤੀ ਦੀ ਲਾਭਕਾਰੀ ਮਲਕੀਅਤ ਵਾਲੀ ਸਾਰੀ ਸੰਪਤੀ $50,000 ਤੋਂ ਵੱਧ ਦੀ ਨਹੀਂ ਹੋਣੀ ਚਾਹੀਦੀ। ਮ੍ਰਿਤਕ ਵਿਅਕਤੀ ਨੇ ਟਰੱਸਟੀ ਦੇ ਤੌਰ ਤੇ ਜਾਂ ਸੋ ਜਾਂ ਟੋਂਗ ਦੇ ਪ੍ਰਬੰਧਕ ਦੇ ਤੌਰ ਤੇ ਕੋਈ ਸੰਪਤੀ ਨਾ ਲਈ ਹੋਵੇ।
- ਬਿਨੈਕਾਰ ਜਾਂ ਤਾਂ ਮ੍ਰਿਤਕ ਵਿਅਕਤੀ ਦੀ ਵਸੀਅਤ ਮੁਤਾਬਿਕ ਉਸ ਦਾ ਵਾਰਿਸ ਜਾਂ ਸੰਪਤੀ ਦੇ ਪ੍ਰਬੰਧਨ ਲਈ ਪਹਿਲ ਦੇ ਆਧਾਰ 'ਤੇ ਹੱਕਦਾਰ ਹੋਣਾ ਚਾਹੀਦਾ ਹੈ।
- ਅਰਜ਼ੀ HAEU5, HAEU5-A ਅਤੇ HAEU5-S ਫਾਰਮਾਂ 'ਤੇ ਦਿੱਤੀ ਜਾਣੀ ਚਾਹੀਦੀ ਹੈ। ਫਾਰਮ ਦੀਆਂ ਕਾਪੀਆਂ ਗ੍ਰਹਿ ਵਿਭਾਗ ਦੀ ਅਸਟੇਟ ਲਾਭਪਾਤਰੀਆਂ ਦੀ ਸਹਾਇਤਾ ਇਕਾਈ 'ਤੇ ਉਪਲਬਧ ਹਨ। (ਸੰਪਰਕ ਵੇਰਵਿਆਂ ਲਈ ਕਿਰਪਾ ਕਰਕੇ ਹੇਠਾਂ **ਪੁੱਛ-ਗਿੱਛ** ਵਾਲੇ ਭਾਗ ਨੂੰ ਦੇਖੋ।) ਇਸ ਤੋਂ ਇਲਾਵਾ ਫਾਰਮਾਂ ਨੂੰ ਹੇਠਾਂ ਦਿੱਤੀ ਵੈੱਬਸਾਈਟ ਤੋਂ ਵੀ ਡਾਊਨਲੋਡ ਕੀਤਾ ਜਾ ਸਕਦਾ ਹੈ: http://www.had.gov.hk/estates.
- ਫਾਰਮ HAEU5-S ਮ੍ਰਿਤਕ ਵਿਅਕਤੀ ਦੀ ਮੌਤ ਦੀ ਮਿਤੀ ਤੱਕ ਉਸ ਦੀ ਮਾਲਕੀ ਵਾਲੀਆਂ ਸਾਰੀਆਂ ਸੰਪਤੀਆਂ ਦੀ ਸੂਚੀ ਨਿਰਧਾਰਿਤ ਕਰਨ ਲਈ ਹੈ। ਬੈਂਕ ਜਾਂ ਬੈਂਕਾਂ ਦੁਆਰਾ ਅਗਲੀ ਪ੍ਰਕਿਰਿਆ ਦੀ ਸਹੂਲਤ ਲਈ, ਬੈਂਕ ਦੇ ਨਾਂ ਸਮੇਤ ਬੈਂਕ ਖਾਤੇ ਦਾ ਵੇਰਵਾ, ਖਾਤਾ ਨੰਬਰ ਅਤੇ ਨਕਦੀ ਦੀ ਰਕਮ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਜਾਣੀ ਚਾਹੀਦੀ ਹੈ। ਸਾਰੇ ਖਾਤੇ ਮ੍ਰਿਤਕ ਵਿਅਕਤੀ ਦੇ ਇਕੱਲੇ ਨਾਮ 'ਤੇ ਹੋਣੇ ਚਾਹੀਦੇ ਹਨ।
- ਬਿਨੈ-ਪੱਤਰ ਦੀ ਪੜਤਾਲ ਹੋਣ ਤੋਂ ਬਾਅਦ ਬਿਨੈਕਾਰ ਨੂੰ ਹਲਫਨਾਮੇ ਦੇ ਸਹੀ ਹੋਣ ਅਤੇ ਹਲਫੀਆ ਬਿਆਨ ਦੁਆਰਾ ਦਰਸਾਏ ਗਈ ਸੂਚੀ ਬਾਰੇ ਇਕ ਹਲਫੀਆ ਬਿਆਨ ਦੁਆਰਾ ਸਹੁੰ ਚੁੱਕਣ/ਤਸਦੀਕ ਕਰਨ ਲਈ ਕਿਹਾ ਜਾਵੇਗਾ।

*1 ਜੇ ਮੌਤ ਦੀ ਤਰੀਕ ਤੱਕ ਮ੍ਰਿਤਕ ਵਿਅਕਤੀ ਹਾਂਗ ਕਾਂਗ ਵਿੱਚ ਹੋਰ ਲਾਭਕਾਰੀ ਸੰਪਤੀਆਂ ਦਾ ਮਾਲਕ ਸੀ (ਜਿਵੇਂ ਕਿ ਪ੍ਰਤੀਭੂਤੀਆਂ, ਕਾਰੋਬਾਰ, ਜ਼ਮੀਨੀ ਜਾਇਦਾਦ, ਮੋਟਰ ਵਾਹਨ, ਸੁਰੱਖਿਅਤ ਡਿਪੋਜ਼ਿਟ ਬੌਕਸ, ਗਹਿਣੇ। ਲਾਜ਼ਮੀ ਪ੍ਰੋਵੀਡੈਂਟ ਫੰਡ, ਬੀਮਾ ਪੋਲਿਸੀ), ਜਾਂ ਕਰਜ਼ੇ ( ਜਿਵੇਂ ਕਿ ਟੈਕਸ ਦੇਣਦਾਰੀਆਂ, ਬੈਂਕ ਕਰਜ਼ਾ, ਓਵਰ ਡ੍ਰਾਫਟ, ਕ੍ਰੈਡਿਟ ਕਾਰਡ ਕਰਜ਼ਾ), ਤਾਂ ਇਹ ਪੁਸ਼ਟੀਕਰਣ ਨੋਟਿਸ ਲਾਗੂ ਨਹੀਂ ਹੋਵੇਗਾ।*

## ਸਹਾਇਕ ਦਸਤਾਵੇਜ਼

ਇੱਕ ਪੁਸ਼ਟੀਕਰਣ ਨੋਟਿਸ ਲਈ ਅਰਜ਼ੀ ਦਾ ਸਮਰਥਨ ਕਰਨ ਲਈ ਹੇਠਾਂ ਦਿੱਤੇ ਦਸਤਾਵੇਜ਼ਾਂ (ਅਸਲ ਅਤੇ ਫੋਟੋਕਾਪੀ) ਦੀ ਲੋੜ ਪੈਂਦੀ ਹੈ -

(a) ਮ੍ਰਿਤਕ ਵਿਅਕਤੀ ਦਾ ਪਛਾਣ ਪੱਤਰ/ਪਾਸਪੋਰਟ;

(b) ਮ੍ਰਿਤਕ ਵਿਅਕਤੀ ਦੀ ਮੌਤ ਦਾ ਸਰਟੀਫਿਕੇਟ;

(c) ਬਿਨੈਕਾਰ ਦਾ ਪਛਾਣ-ਪੱਤਰ/ਪਾਸਪੋਰਟ;

(d) ਮ੍ਰਿਤਕ ਵਿਅਕਤੀ ਦੀ ਆਖਰੀ ਵਸੀਅਤ, ਜੇਕਰ ਹੋਵੇ;

(e) ਕੋਈ ਵੀ ਦਸਤਾਵੇਜ਼ ਜੋ ਮ੍ਰਿਤਕ ਵਿਅਕਤੀ ਅਤੇ ਬਿਨੈਕਾਰ ਦੇ ਵਿਚਕਾਰ ਸੰਬੰਧ ਨੂੰ ਦਰਸਾਉਂਦਾ ਹੋਵੇ, ਜਿਵੇਂ ਕਿ ਵਿਆਹ ਜਾਂ ਜਨਮ ਪ੍ਰਮਾਣ-ਪੱਤਰ, ਜੇ ਬਿਨੈਕਾਰ ਮ੍ਰਿਤਕ ਵਿਅਕਤੀ ਦਾ ਵਾਰਿਸ ਨਹੀਂ ਹੈ;

(f) ਸੰਪਤੀ ਦੇ ਪ੍ਰਬੰਧਨ ਲਈ ਉੱਚ ਤਰਜੀਹ ਦੇ ਹੱਕਦਾਰ ਵਿਅਕਤੀਆਂ ਦੁਆਰਾ ਦਾਅਵਾ ਨਾ ਕਰਨ ਦਾ ਪੱਤਰ, ਜੇ ਲਾਗੂ ਹੋਵੇ;

(g) ਸੰਪਤੀ ਦੇ ਪ੍ਰਬੰਧਨ ਲਈ ਉੱਚ ਤਰਜੀਹ ਦੇ ਹੱਕਦਾਰ ਵਿਅਕਤੀਆਂ ਦੁਆਰਾ ਮ੍ਰਿਤਕ ਵਿਅਕਤੀ ਦੀ ਮੌਤ ਦਾ ਪ੍ਰਮਾਣ-ਪੱਤਰ, ਜੇ ਲਾਗੂ ਹੋਵੇ;

(h) ਕੋਈ ਵੀ ਦਸਤਾਵੇਜ਼ ਜੋ (ਐੱਫ) ਅਤੇ/ਜਾਂ (ਜੀ) ਦੇ ਨਾਂ ਹੇਠ ਦਿੱਤੇ ਵਿਅਕਤੀ ਅਤੇ ਮ੍ਰਿਤਕ ਵਿਅਕਤੀ ਦੇ ਵਿਚਕਾਰ ਸੰਬੰਧ ਨੂੰ ਦਰਸਾਉਂਦਾ ਹੈ, ਜੇ ਲਾਗੂ ਹੋਵੇ; ਅਤੇ

(i) ਮ੍ਰਿਤਕ ਵਿਅਕਤੀ ਦੇ ਸਾਰੇ ਬੈਂਕ ਖਾਤਿਆਂ ਦੇ ਸੰਬੰਧ ਵਿੱਚ ਫਿਕਸਡ ਡਿਪੋਜ਼ਿਟ ਰਸੀਦ/ਬੈਂਕ ਸਟੇਟਮੈਂਟ/ਮ੍ਰਿਤਕ ਵਿਅਕਤੀ ਦੀ ਮੌਤ ਦੀ ਤਰੀਕ ਅਤੇ ਮੌਤ ਤੋਂ ਪਹਿਲਾਂ ਬੀਤੇ ਤਿੰਨ ਮਹੀਨਿਆਂ ਦੇ ਬੈਂਕ ਖਾਤੇ ਦੀ ਬਾਕੀ ਬਚੀ ਰਕਮ ਦਰਸਾਉਂਦੀ ਬੈਂਕ ਪਾਸ ਬੁੱਕ।

ਅਰਜ਼ੀ ਦੀ ਮਨਜ਼ੂਰੀ ਮਿਲਣ ਮਗਰੋਂ ਬਿਨੈਕਾਰ ਨੂੰ ਇਸ ਨਾਲ ਜੁੜੀ ਸੂਚੀ ਦੀ ਕਾਪੀ ਦੇ ਨਾਲ ਇੱਕ ਪੁਸ਼ਟੀਕਰਣ ਨੋਟਿਸ ਜਾਰੀ ਕੀਤਾ ਜਾਵੇਗਾ।

## ਪੁਸ਼ਟੀਕਰਣ ਨੋਟਿਸ ਰੱਦ ਕਰਨਾ

ਜੇ ਬਿਨੈਕਾਰ ਨੂੰ ਬਾਅਦ ਵਿੱਚ ਪਤਾ ਲੱਗ ਜਾਂਦਾ ਹੈ ਕਿ ਹਲਫੀਆ ਬਿਆਨ ਵਿੱਚ ਦਿੱਤੀ ਗਈ ਜਾਣਕਾਰੀ ਅਤੇ/ਜਾਂ ਸੂਚੀ ਵਿੱਚ ਦਿੱਤੀ ਗਈ ਜਾਣਕਾਰੀ ਗਲਤ ਹੈ (ਜਿਵੇਂ ਕੁਝ ਸੰਪਤੀਆਂ ਨੂੰ ਸੂਚੀ ਤੋਂ ਬਾਹਰ ਕਰ ਦਿੱਤਾ ਗਿਆ ਹੈ, ਐਲਾਨੀ ਗਈ ਨਗਦ ਰਾਸ਼ੀ ਗਲਤ ਸੀ ਜਾਂ ਮ੍ਰਿਤਕ ਵਿਅਕਤੀ ਨੂੰ ਸੋ ਅਤੇ ਟੌਂਗ ਦੀ ਸੰਪਤੀ ਦੇ ਟਰੱਸਟੀ ਜਾਂ ਪ੍ਰਬੰਧਕ ਵਜੋਂ ਰੱਖਿਆ ਗਿਆ ਸੀ), ਬਿਨੈਕਾਰ ਨੂੰ ਗ੍ਰਹਿ ਮਾਮਲਿਆਂ ਦੇ ਡਾਇਰੈਕਟਰ ਨੂੰ ਜਾਣਕਾਰੀ ਦੇਣੀ ਚਾਹੀਦੀ ਹੈ ਅਤੇ ਜੇਕਰ ਪੁਸ਼ਟੀਕਰਣ ਨੋਟਿਸ ਜਾਰੀ ਕੀਤਾ ਗਿਆ ਹੈ ਤਾਂ ਉਸ ਨੂੰ ਰੱਦ ਕਰਨ ਲਈ ਵਾਪਸ ਕਰ ਦਿਉ।

ਬੇਨਤੀ ਪੱਤਰ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਗਲਤੀ ਮਿਲਦੀ ਹੈ ਤਾਂ ਗ੍ਰਹਿ ਮਾਮਲਿਆਂ ਦਾ ਡਾਇਰੈਕਟਰ ਪੁਸ਼ਟੀਕਰਣ ਨੋਟਿਸ ਨੂੰ ਰੱਦ ਕਰਨ ਬਾਰੇ ਬੇਨਤੀਕਰਤਾ ਨੂੰ ਸੂਚਿਤ ਕਰ ਸਕਦਾ ਹੈ। ਬੇਨਤੀਕਰਤਾ ਨੂੰ ਛੇਤੀ ਤੋਂ ਛੇਤੀ ਪੁਸ਼ਟੀਕਰਣ ਨੋਟਿਸ ਵਾਪਸ ਕਰਨਾ ਚਾਹੀਦਾ ਹੈ; ਨਹੀਂ ਤਾਂ ਉਹ ਜੁਰਮ ਕਰਦਾ ਹੈ, ਅਤੇ ਪੱਧਰ 1 (ਵਰਤਮਾਨ ਵਿੱਚ $2,000) ਦੇ ਜੁਰਮਾਨੇ ਲਈ ਜ਼ਿੰਮੇਵਾਰ ਹੋਵੇਗਾ।

ਜੇਕਰ ਹਾਂਗ ਕਾਂਗ ਵਿੱਚ ਮ੍ਰਿਤਕ ਵਿਅਕਤੀ ਦੀ ਮਾਲਕੀ ਵਾਲੀਆਂ ਸਾਰੀਆਂ ਸੰਪਤੀਆਂ ਲਾਭਕਾਰੀ ਹਨ ਤੇ ਜੋ ਮਰਨ ਵਾਲੀ ਤਰੀਕ ਤੱਕ ਕੁੱਲ ਮਿਲਾ ਕੇ $50,000 ਦੀ ਰਕਮ ਤੋਂ ਵੱਧ ਦੀਆਂ ਨਹੀਂ ਹਨ ਅਤੇ ਮ੍ਰਿਤਕ ਵਿਅਕਤੀ ਕੋਲ ਸੋ ਜਾਂ ਟੌਂਗ ਦੇ ਟਰੱਸਟੀ ਵਜੋਂ ਕੋਈ ਸੰਪਤੀ ਨਹੀਂ ਹੈ ਤਾਂ ਬੇਨਤੀਕਰਤਾ ਇੱਕ ਨਵੇਂ ਪੁਸ਼ਟੀਕਰਣ ਨੋਟਿਸ ਲਈ ਅਰਜ਼ੀ ਦੇ ਸਕਦਾ ਹੈ।

## ਮਹੱਤਵਪੂਰਨ ਟਿੱਪਣੀਆਂ

ਪੁਸ਼ਟੀਕਰਣ ਨੋਟਿਸ ਨੁਮਾਇੰਦਗੀ ਦੇਣ ਦੇ ਬਦਲੇ ਨਹੀਂ ਹੁੰਦਾ। ਬੈਂਕ ਇਹ ਫੈਸਲਾ ਕਰਨ ਵਿਚ ਆਪਣੀ ਮਰਜ਼ੀ ਕਰ ਸਕਦਾ ਹੈ ਕਿ ਕੀ ਵਾਰਿਸ ਨੂੰ ਜਾਂ ਪੁਸ਼ਟੀਕਰਣ ਕੀਤੇ ਵਿਅਕਤੀ ਨੂੰ ਅਦਾਲਤ ਦੀ ਪ੍ਰਵਾਨਗੀ ਦੇ ਬਿਨਾਂ ਸੰਪਤੀ ਦਾ ਪ੍ਰਬੰਧਨ ਕਰਨ ਲਈ ਪਹਿਲ ਦੇ ਆਧਾਰ ਤੇ ਹੱਕਦਾਰ ਵਿਅਕਤੀ ਨੂੰ ਪੁਸ਼ਟੀਕਰਨ ਨੋਟਿਸ ਨਾਲ ਜੋੜ ਕੇ ਦਿੱਤੀ ਗਈ ਸੂਚੀ ਵਿੱਚ ਦੱਸੇ ਮੁਤਾਬਿਕ ਬੈਂਕ ਖਾਤੇ/ਖਾਤਿਆਂ ਵਿੱਚੋਂ ਪੈਸੇ ਜਾਰੀ ਕਰਨੇ ਹਨ ਜਾਂ ਨਹੀਂ।

ਵਾਰਿਸ ਜਾਂ ਵਿਅਕਤੀ ਜੋ ਸੰਪਤੀ ਦੇ ਪ੍ਰਬੰਧਨ ਲਈ ਪਹਿਲ ਦੇ ਆਧਾਰ ਤੇ ਹੱਕਦਾਰ ਹੈ, ਜਿਸ ਨੂੰ ਪੈਸੇ ਦਿੱਤੇ ਜਾਂਦੇ ਹਨ, ਕਾਨੂੰਨੀ ਤੌਰ 'ਤੇ ਪੈਸੇ ਦਾ ਸਹੀ ਪ੍ਰਬੰਧਨ ਕਰਨ ਲਈ ਮਜਬੂਰ ਹੁੰਦਾ ਹੈ।

## ਪੁੱਛ-ਗਿੱਛ

ਜੇ ਤੁਹਾਡੇ ਕੋਲ 11 ਫਰਵਰੀ 2006 ਨੂੰ ਜਾਂ ਉਸ ਤੋਂ ਬਾਅਦ ਮਰਨ ਵਾਲੇ ਵਿਅਕਤੀ ਦੀ ਛੋਟੀ ਸੰਪਤੀ ਦੇ ਸੰਬੰਧ ਵਿੱਚ ਪੁਸ਼ਟੀਕਰਣ ਨੋਟਿਸ ਲਈ ਅਰਜ਼ੀ ਨਾਲ ਸੰਬੰਧਤ ਕੋਈ ਸਵਾਲ ਹੋਵੇ, ਤਾਂ ਤੁਸੀਂ ਗ੍ਰਹਿ ਵਿਭਾਗ ਦੀ ਅਸਟੇਟ ਲਾਭਪਾਤਰੀ ਸਹਾਇਤਾ ਇਕਾਈ ਨਾਲ ਸੰਪਰਕ ਕਰ ਸਕਦੇ ਹੋ –

- ਪਤਾ : 3/ਐੱਫ, ਸਾਊਥਹੋਰਨ ਸੈਂਟਰ, 130, ਹੇਨੇਸੀ ਰੋਡ, ਵਾਨ ਚਾਈ, ਹਾਂਗ ਕਾਂਗ

- ਟੈਲੀਫੋਨ : 2835 1535
- ਫੈਕਸ : 2122 9497
- ਈ-ਮੇਲ : ebsu@had.gov.hk
- ਵੈੱਬਸਾਈਟ : http://www.had.gov.hk/estates

| |
|---|
| 11 ਫਰਵਰੀ 2006 ਤੋਂ ਪਹਿਲਾਂ ਮਰਨ ਵਾਲੇ ਵਿਅਕਤੀਆਂ ਦੀ ਸੰਪਤੀ ਦੇ ਨਿਪਟਾਰੇ ਲਈ, ਕਿਰਪਾ ਕਰਕੇ ਇਨਲੈਂਡ ਰੈਵਿਨਿਊ ਵਿਭਾਗ ਦੇ ਅਸਟੇਟ ਡਿਪਟੀ ਦਫ਼ਤਰ ਨਾਲ 2594 3240 'ਤੇ ਸੰਪਰਕ ਕਰੋ। |

*ਗ੍ਰਹਿ ਵਿਭਾਗ*

*ਅਕਤੂਬਰ 2019*

ਸਰਕਾਰੀ ਲੌਜਿਸਟਿਕ ਵਿਭਾਗ ਦੁਆਰਾ ਪ੍ਰਕਾਸ਼ਿਤ